ਪਤੀ ਦੀ ਪ੍ਰਸੰਨਤਾ

4.295

ਨਾਲਿ ਖਸਮੈ ਰਤੀਆ,
ਮਾਣਹਿ ਸੁਖ ਰਲੀਆਹ।

-:ਲੇਖਕ:-

ਸ: ਨਾਨਕ ਸਿੰਘ ਜੀ B. Sc., L L. B.

ਅੰਮ੍ਰਿਤਸਰ

ਪ੍ਰਕਾਸ਼ਕ

ਫੁਲਵਾੜੀ ਪੁਸਤਕ ਭੰਡਾਰ

ਰੇਲਵੇ ਰੋਡ, ਲਾਹੌਰ

ਭੇਟਾ ਦੋ ਆਨੇ

24964

ਸਹੁਰਾ ਘਰ

The book is full of practical wisdom and sound advice. (ਪ੍ਰੋ: ਤੇਜਾ ਸਿੰਘ ਜੀ ਐਮ. ਏ.)

ਸਭ ਤੋਂ ਵਧੇਰੇ ਲਾਭ-ਵੰਦੀ ਅਦੁਤੀ ਤੇ ਇਸਤ੍ਰੀਆਂ ਮਰਦਾਂ ਦੋਹਾਂ ਲਈ ਬੜੀ ਲਾਭ-ਦਾਇਕ ਹੈ। (ਫੁਲਵਾੜੀ)

Place it in the hands of girls, before they attain puberty. (ਸ: ਕਰਤਾਰ ਸਿੰਘ ਜੀ ਲਾਹੌਰ)

ਨਈ ਸ਼ਾਦੀ ਸ਼ੁਦਾ ਲੜਕੀਓਂ ਕੇ ਲੀਏ ਇੰਤਹਾਈ ਮੁਫ਼ੀਦ ਹੈ। (ਸ਼ੇਰ ਖਾਲਸਾ)

Explains how girls can trained to become good house wies. (ਟ੍ਰੀਬਯੂਨ)

ਇਸਨੂੰ ਪੜ੍ਹਕੇ ਇਸਤ੍ਰੀ ਯੋਗ ਦਾਈ ਤੇ ਨਰਸ ਬਣ ਸਕਦੀ ਤੇ ਮਿਡਲ ਤੇ ਹਾਈ ਕਲਾਸਾਂ ਲਈ ਵਡੀ ਗੁਣਕਾਰੀਹੈ। (ਪੰਜਾਬੀ ਭੈਣ)

Prominent Sikhs and Press have spoken very highly of it. (ਦੀ ਖਾਲਸਾ)

ਘਰੋਗੀ ਜੀਵਨ ਦੇ ਭੇਤਾਂ ਸੰਬੰਧੀ ਗਜ਼ਬ ਦੀ ਲਾਭ-ਦਾਇਕ ਵਾਕਫ਼ੀ ਹੈ। (ਮੌਜੀ)

Affords ample ground for equiping useful companions. (ਸ: ਗੁਰਬਚਨ ਸਿੰਘ ਜੀ ਬੀ. ਏ.)

ਸਫ਼ੇ ੩੭੦ ਕੀਮਤ ਡੇਢ ਰੁਪਿਆ। ਮੰਗਾਣ ਦਾ ਪਤਾ:—

ਫੁਲਵਾੜੀ ਪੁਸਤਕ ਭੰਡਾਰ

ਰੇਲਵੇ ਰੋਡ, ਲਾਹੌਰ.

ਸ੍ਰੀ ਕਲਗੀਧਰ ਪ੍ਰੈਸ ੧੧ ਰੇਲਵੇ ਰੋਡ ਲਾਹੌਰ ਵਿਚ ਗਿ: ਗੁਰਦਿਤ ਸਿੰਘ ਪ੍ਰਿੰਟਰ ਦੇ ਪ੍ਰਬੰਧ ਨਾਲ ਛਪੀ ਅਤੇ ਗਿ: ਹੀਰਾ ਸਿੰਘ ਜੀ ਪਬਲਿਸ਼ਰ ਨੇ ਫੁਲਵਾੜੀ ਪੁਸਤਕ ਭੰਡਾਰ ਲਾਹੌਰ ਤੋਂ ਪ੍ਰਕਾਸ਼ਤ ਕੀਤੀ।

24964

ੴ ਸਤਿਗੁਰ ਪ੍ਰਸਾਦਿ ॥

—o—

ਪਤੀ ਦੀ ਪ੍ਰਸੰਨਤਾ

ਮੇਰੀ ਪਿਆਰੀ ਭੈਣ ਜੀਉ! ਸਤਿ ਸ੍ਰੀ ਅਕਾਲ! ਤੁਹਾਡਾ ਪਿਆਰ ਭਰਿਆ ਖਤ ਪਰਸੋਂ ਮਿਲਿਆ ਸੀ, ਮੇਰਾ ਨਿਯਮ ਹੈ ਕਿ ਤੁਹਾਡੇ ਖਤ ਦਾ ਜਵਾਬ ਆਮ ਤੌਰ ਤੇ ਦੂਜੇ ਦਿਨ ਦੇਂਦੀ ਹੁੰਦੀ ਹਾਂ। ਪ੍ਰੰਤੂ ਕਲ ਸਾਰਾ ਦਿਨ ਮੈਨੂੰ ਵੇਹਲ ਨਹੀਂ ਮਿਲੀ। ਚੰਦਰੇ ਧੋਬੀ ਨੂੰ ਪਤਾ ਨਹੀਂ ਕੀ ਹੋ ਗਿਆ ਹੈ ਕਿ ਡੇਢ ਮਹੀਨੇ ਥੀਂ ਕਪੜੇ ਲੈਣ ਨਹੀਂ ਆਇਆ। ਮੇਰੇ ਕੋਲ ਤਾਂ ਹਾਲਾਂ ਕਈ ਜੋੜੇ ਪਏ ਹਨ, ਪ੍ਰੰਤੂ ਤੁਹਾਡੇ ਭਾਈਏ ਜੀ ਦੇ ਸਾਰੇ ਕਪੜੇ ਮੈਲੇ ਹੋ ਗਏ ਸਨ। ਕਲ ਸਵੇਰੇ ਜਿਸ ਵੇਲੇ ਉਹ ਦਫ਼ਤਰ ਜਾਣ ਲੱਗੇ ਤਾਂ ਕਹਿਣ ਲਗੇ ਜੁ ਉਨ੍ਹਾਂ ਪਾਸ ਹੁਣ ਹੋਰ ਕੋਈ ਜੋੜਾ ਸਾਫ਼ ਕਪੜਿਆਂ ਦਾ ਬਦਲਣ ਨੂੰ ਨਹੀਂ ਹੈ, ਕਿਸੇ ਨਵੇਂ ਧੋਬੀ ਦਾ ਇਤਬਾਰ ਨਹੀਂ। ਸ਼ਾਮ ਵੇਲੇ ਯਾਦ ਕਰਾਣਾ ਬਜ਼ਾਰੋਂ ਕਪੜਾ ਲੈਕੇ ਨਵੇਂ ਜੋੜੇ ਬਣਵਾ ਲਵਾਂਗੇ।

ਉਨ੍ਹਾਂ ਦੇ ਜਾਣ ਮਗਰੋਂ ਮੈਂ ਸੋਚਿਆ ਕਿ ਇਨ੍ਹਾਂ ਪਾਸ ਕਪੜੇ ਤਾਂ ਬਹੁਤ ਹਨ। ਇਹ ਇਤਫ਼ਾਕ ਦੀ ਗੱਲ ਹੈ ਕਿ

ਇਤਨਾ ਚਿਰ ਧੋਬੀ ਨਹੀਂ ਆਇਆ ਤੇ ਸਭ ਕਪੜੇ ਮੈਲੇ ਹੋ ਗਏ ਹਨ। ਨਵੇਂ ਕਪੜੇ ਸਿਵਾਉਣ ਵਿਚ ਬੇਅਰਥ ਰਕਮ ਖਰਚ ਹੋ ਜਾਵੇਗੀ। ਜੇ ਮੈਂ ਥੋੜਾ ਜਿਹਾ ਉਦਮ ਕਰਾਂ ਤਾਂ ਪੈਸੇ ਬਚ ਜਾਣਗੇ। ਇਹ ਸੋਚਕੇ ਮੈਂ ਪੌੜੀਆਂ ਦਾ ਦਰਵਾਜ਼ਾ ਬੰਦ ਕਰ ਦਿਤਾ ਕਿ ਮੇਰੀ ਸੱਸੂ ਜੀ ਪਿਆਰ ਵਿਚ ਆਕੇ ਮੈਨੂੰ ਕੰਮ ਕਰਨ ਥੀਂ ਨ ਟੋਕਣ; ਤੇ ਮੈਂ ਇਨ੍ਹਾਂ ਦੇ ਕਪੜੇ ਧੋਣ ਬਹਿ ਗਈ, ਘਰ ਵਿਚ ਨਲਕਾ ਤਾਂ ਹੈ ਹੀ; ਪਾਣੀ ਦੀ ਥੁੜ੍ਹ ਨਹੀਂ। ਥੋੜੀ ਜੇਹੀ ਖੇਚਲ ਨਾਲ ਇਨ੍ਹਾਂ ਦੇ ਸਾਰੇ ਕਪੜੇ ਧੋਤੇ ਗਏ ਤੇ ਮੈਂ ਵੇਹੜੇ ਵਿਚ ਰਸੀ ਬੰਨ੍ਹਕੇ ਝਟਾ ਪਟ ਸੁਕਾ ਦਿਤੇ। ਕਪੜੇ ਇਸਤ੍ਰੀ ਕਰਨ ਲਈ ਘਰ ਵਿਚ ਇਸਤ੍ਰੀ ਤਾਂ ਕਿਥੋਂ ਹੋਣੀ ਸੀ ਦੁਧ ਗਰਮ ਕਰਨ ਲਈ ਘਰ ਵਿਚ ਖੜੀ ਪਤੀਲੀ ਪਈ ਹੋਈ ਸੀ ਉਸ ਅੰਦਰ ਹੀ ਅੰਗਾਰੇ ਭਰ ਲਏ ਤੇ ਤੱਾ ਦੇਖ ਕੇ ਕਪੜਿਆਂ ਉੱਤੇ ਫੇਰਨੀ ਸ਼ੁਰੂ ਕੀਤੀ। ਭੈਣ ਜੀ, ਸਚ ਜਾਣਨਾ ਬਹੁਤ ਵਧਕੇ ਕਪੜੇ ਇਸਤ੍ਰੀ ਹੋ ਗਏ। ਕਿਤੇ ਦਾਗ਼ ਧੱਬਾ ਵੀ ਨ ਆਇਆ, ਧੋਬੀ ਦੇ ਧੋਤੇ ਵਰਗੇ ਕਪੜੇ ਹੋ ਗਏ।

ਇਤਫ਼ਾਕ ਨਾਲ ਕਲ ਤੇਰੇ ਭਾਈਆ ਜੀ ਦੁਪਹਿਰ ਵੇਲੇ ਮਕਾਨ ਤੇ ਨ ਆਏ। ਸ਼ਾਮ ਵੇਲੇ ਉਨ੍ਹਾਂ ਦੇ ਘਰ ਆਉਣ ਪਰ ਜਦ ਮੈਂ ਉਨ੍ਹਾਂ ਦੇ ਧੋਤੇ ਹੋਏ ਕਪੜੇ ਉਨ੍ਹਾਂ ਨੂੰ ਦੱਸੇ ਤਾਂ ਉਨ੍ਹਾਂ ਨੇ ਹੈਰਾਨ ਹੋਕੇ ਪੁਛਿਆ "ਤੁਸਾਂ ਅਜ ਹੀ ਇਤਨੇ ਕਪੜੇ ਕਿਥੋਂ ਧੁਆ ਲਏ ?" ਤਾਂ ਮੈਂ ਹਸਕੇ ਆਖਿਆ "ਇਕ ਧੋਬਣ ਮਿਲ ਗਈ ਸੀ।" ਹੈਣ ਤਾਂ ਬੜੇ ਚਤਰ। ਝੱਟ ਸਮਝ ਗਏ ਕਿ ਹੋਵੇ ਨ ਹੋਵੇ ਮੈਂ ਹੀ ਕਪੜੇ ਧੋਤੇ ਹਨ। ਬਸ ਫਿਰ ਕੀ ਸੀ ਬੜੇ ਖੁਸ਼ ਹੋਏ, ਏਨੇ ਖੁਸ਼ ਹੋਏ ਜੋ ਮੈਂ ਕੀ ਦੱਸਾਂ !

ਕਿਹੀ ਨਿੱਕੀ ਜਿਹੀ ਗੱਲ ਸੀ, ਇਨ੍ਹਾਂ ਦੇ ਕੁਝ ਜੋੜੇ ਬਸਤਰ ਸਾਫ਼ ਕਰ ਦੇਣ ਨਾਲ ਮੇਰੇ ਹੱਥ ਤਾਂ ਨਹੀਂ ਘਸ ਗਏ ਸਨ ! ਰੁਪਿਆ ਜੋ ਬਚੇਗਾ ਮੇਰੇ ਹੀ ਕੰਮ ਆਵੇਗਾ। ਪਰ ਇਨ੍ਹਾਂ ਦੇ ਦਿਲ ਤੇ ਕਿੱਨਾ ਅਸਰ ਹੋਇਆ। ਜਦ ਮੈਂ ਸੋਚਦੀ ਹਾਂ ਤਾਂ ਮਲੂਮ ਹੁੰਦਾ ਹੈ ਕਿ ਜੇ ਸਾਡੀਆਂ ਭੈਣਾਂ ਇਸ ਦੀਆਂ ਛੋਟੀਆਂ ੨ ਗੱਲਾਂ ਦਾ ਧਿਆਨ ਕਰਨ ਤਾਂ ਉਹ ਆਪਣੇ ਭੈੜੇ ਥੀਂ ਭੈੜੇ ਪਤੀ ਨੂੰ ਵਸ ਵਿਚ ਕਰ ਸਕਦੀਆਂ ਹਨ। ਵਾਹਿਗੁਰੂ ਮੇਹਰ ਕਰੇ। ਇਕ ਸਾਡੀ ਭੈਣ ਇੰਦਰ ਕੌਰ ਵੀ ਹੈ ਜੋ ਸੁਸਤ ਤਬੀਅਤ ਤੇ ਹਦੋਂ ਵਧ ਨਖਰੇਲ ਹੋਣ ਕਰਕੇ ਆਪਣੇ ਪੜ੍ਹੇ ਲਿਖੇ ਪਤੀ ਦਾ ਦਿਲ ਵੀ ਹਥ ਵਿਚ ਨਹੀਂ ਲੈ ਸਕੀ।

ਭੈਣ ਜੀਉ ! ਤੁਸਾਂ ਆਪਣੇ ਖਤ ਵਿਚ ਪੁਛਿਆ ਹੈ ਕਿ ਮੈਂ ਤੁਹਾਡੇ ਭਾਈਏ ਹੋਰਾਂ ਨੂੰ ਇਤਨਾ ਆਪਣੇ ਤੇ ਮੋਹਤ ਕਿਸ ਤਰ੍ਹਾਂ ਕਰ ਲਿਆ ਹੈ। ਸੁ ਭੈਣ ਜੀ ਸੁਣੋ, ਇਸਦਾ ਜਵਾਬ ਬਹੁਤ ਸੌਖਾ ਵੀ ਹੈ ਤੇ ਅਤੀ ਕਠਨ ਵੀ।

ਮੈਂ ਕੋਈ ਬਹੁਤ ਸੋਹਣੀ ਵੀ ਨਹੀਂ। ਮੇਰੇ ਨਾਲੋਂ ਵਧ ਵਧ ਸੁੰਦਰ ਇਸਤ੍ਰੀਆਂ ਹੈਨ। ਮੈਂ ਕੋਈ ਬਹੁਤੀ ਪੜ੍ਹੀ ਲਿਖੀ ਵੀ ਨਹੀਂ, ਇਹੋ ਜਹੀ ਸੁਘੜ ਵੀ ਨਹੀਂ ਹਾਂ, ਉਧਰ ਤੇਰੇ ਭਾਈਏ ਜੀ ਵੀ ਇਹੋ ਜਹੇ ਮੋਮ ਦੀ ਨਕ ਨਹੀਂ ਹਨ ਕਿ ਜਿਧਰ ਚਾਹੀਏ ਮਰੋੜ ਲਈਏ, ਬਹੁਤ ਵਿਦਿਆਵਾਨ, ਗਲ ਗਲ ਨੂੰ ਸਮਝਣ ਵਾਲੇ ਤੇ ਪਰਖਣ ਵਾਲੇ ਹਨ। ਤੇ ਸਭ ਨਾਲੋਂ ਵੱਡੀ ਗਲ ਇਹ ਹੈ ਕਿ ਸੁਭੱਾ ਦੇ ਵੀ ਸਖਤ ਹਨ। ਇਨ੍ਹਾਂ ਸਾਰੀਆਂ ਗੱਲਾਂ ਦੇ ਹੁੰਦੇ ਹੋਇਆਂ ਵੀ ਜੇ ਉਹ ਇਹੋ

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.